*Journal of Advances and Scholarly Researches in Allied Education*
*Vol. 13, Issue No. 1, April-2017, ISSN 2230-7540*

# ਹਠੁ ਕਰਿ ਮਰੈ ਨ ਲੇਖੈ ਪਾਵੈ

**Dr. Harjot Kaur***

Professor in Punjabi, Department of Distance Education, Punjabi University, Patiala

---------------------------------X--------------------------------

ਪਰਮਾਤਮਾ ਵਿਚ ਵਿਸ਼ਵਾਸ ਰਖਣ ਵਾਲੇ ਹਰ ਮਨੁੱਖ ਦੀ ਆਂਤਰਿਕ ਖਾਹਿਸ਼ ਉਸ ਨਾਲ ਮਿਲਾਪ ਹਾਸਲ ਕਰਨ ਦੀ ਹੁੰਦੀ ਹੈ। ਜਿਸ ਦੀ ਪੂਰਤੀ ਲਈ ਮਨੁੱਖ ਵੱਖ-ਵੱਖ ਕਰਮ ਕਰਦੇ ਹੋਏ ਆਪਣੀ ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਵਿਚ ਲਗੇ ਰਹਿੰਦੇ ਹਨ ਇਸ ਤਰ੍ਹਾਂ ਮਨੁੱਖ ਆਪੋ ਆਪਣੀ ਮਨ ਬੁੱਧੀ ਤੇ ਵਿਵੇਕ ਦੇ ਅਨੁਸਾਰ ਪਰਮਾਤਮਾ ਦੇ ਮਿਲਾਪ ਲਈ ਵੱਖੋ-ਵੱਖਰੇ ਕਰਮ ਕਰਦਿਆਂ ਵੱਖੋ-ਵੱਖਰੇ ਸਾਧਨਾਂ ਦਾ ਪ੍ਰਯੋਗ ਕਰਦੇ ਹਨ।

ਕਈ ਲੋਕ ਉਸ ਪਰਮਾਤਮਾ ਦਾ ਨਾਮ ਜਪਦੇ-ਜਪਦੇ ਉੱਚ ਅਵਸਥਾ ਨੂੰ ਜਾ ਛੋਂਹਦੇ ਹਨ ਜਦੋਂ ਉਹ ਪ੍ਰਭੂ ਨਾਮ ਵਿੱਚ ਲੀਨ ਹੋ ਜਾਂਦੇ ਹਨ। ਕਈ ਭਗਤੀ ਕਰਦੇ ਹਨ। ਕਈ ਆਪਣੇ ਮਨ 'ਤੇ ਜਿੱਤ ਪ੍ਰਾਪਤ ਕਰਕ ਆਪਣੀਆਂ ਤ੍ਰਿਸ਼ਨਾਵਾਂ ਨੂੰ ਸੰਜਮ ਵਿੱਚ ਰਖਦੇ ਹੋਏ ਜੀਵਨ ਬਤੀਤ ਕਰਦੇ ਹਨ। ਕਈ ਕਾਰ ਵਿਹਾਰ ਛੱਡ ਕੇ ਆਪਣਾ ਘਰ ਬਾਰ ਤਿਆਗ ਦਿੰਦੇ ਹਨ, ਕਈ ਲੋਕ ਹੱਠ ਕਰਮਾਂ ਨੂੰ ਹੀ ਪ੍ਰਭੂ ਭਗਤੀ ਸਮਝ ਕੇ ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ। ਕਈ ਕੜਕਦੀ ਧੁੱਪ ਵਿੱਚ ਧੂਣੀਆਂ ਲਾ ਕੇ ਤਪ ਕਰਦੇ ਹਨ, ਕਈ ਕੜਕਦੀ ਠੰਡ ਵਿੱਚ ਬਰਫਾਨੀ ਪਾਣੀ ਵਿੱਚ ਬੈਠਦੇ ਹਨ, ਕਈ ਰਾਤ ਦਿਨ ਇਕ ਲੱਤ ਦੇ ਭਾਰ ਹੀ ਖੜੇ ਰਹਿੰਦੇ ਹਨ। ਕਿਸੇ ਨੇ ਨੰਗੇ ਪਿੰਡੇ ਤਿੱਖੀਆਂ ਸੂਲਾਂ ਜਾਂ ਮੇਖਾਂ ਉੱਤੇ ਆਪਣਾ ਵਿਛੌਣਾ ਕੀਤਾ ਹੋਇਆ ਹੈ, ਕੋਈ ਆਪਣੇ ਸਰੀਰ 'ਤੇ ਵਿਭੂਤੀ ਮਲਦਾ ਹੈ, ਕੋਈ ਜੱਟਾਂ ਵਧਾਉਂਦਾ ਹੈ। ਕੋਈ ਸਾਹ ਖਿਚ ਕੇ ਬੈਠਾ ਰਹਿੰਦਾ ਹੈ, ਕੋਈ ਉਪਰ ਅਸਮਾਨ ਵਲ ਹੀ ਅੱਖਾਂ ਟਿਕਾ ਕੇ ਖੜਾ ਰਹਿੰਦਾ ਹੈ। ਕੋਈ ਡੰਡ ਬੈਠਕਾਂ ਕਢਦਾ ਕਿੰਨੇ ਮੀਲ ਸਫ਼ਰ ਤਹਿ ਕਰਦਾ ਹੈ ਕੋਈ ਆਪਣੀ ਜੀਭ ਵਿਚੋਂ ਆਰ-ਪਾਰ ਤੀਰ ਲਘਾਈ ਖੜਾ ਹੈ, ਇਹ ਸਭ ਜਦੋਂ ਸੱਜੇ ਪਾਸੇ ਲਛਮਨ ਝੂਲਾ ਪਾਰ ਕਰ ਅੱਗੇ ਜਾਈਦਾ ਹੈ ਤਾਂ ਅਜਿਹਾ ਕੁਝ ਦੇਖਣ ਨੂੰ ਹੁਣ ਵੀ ਮਿਲਦਾ ਹੈ।

ਗਲ ਕੀ ਹਰ ਕੋਈ ਆਪੋ-ਆਪਣੇ ਢੰਗਾਂ ਨਾਲ ਜਾਂ ਕਰਮਾਂ ਅਨੁਸਾਰ ਉਸ ਪ੍ਰਭੂ ਨੂੰ ਪ੍ਰਸੰਨ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ। ਅਜਿਹੇ ਲੋਕ ਹੱਠ ਕਰਮਾਂ ਨੂੰ ਹੀ ਪ੍ਰਭੂ ਪ੍ਰਾਪਤੀ ਦਾ ਸਾਧਨ ਸਮਝਦੇ ਹਨ। ਇਸ ਤੋਂ ਸਪਸ਼ਟ ਹੈ ਕਿ ਉਹ ਜ਼ਬਰਦਸਤੀ ਜ਼ਿੱਦ ਕਰਕੇ ਅਜਿਹੇ ਦੁਖਦਾਈ ਕਰਮ ਕਰਦੇ ਹਨ ਕਿਉਂਕਿ ਹੱਠ ਤੋਂ ਭਾਵ ਜ਼ਿੰਦ ਜਾਂ ਅੜੀ ਹੀ ਹੁੰਦਾ ਹੈ। ਭਾਈ ਕਾਹਨ ਸਿੰਘ ਨਾਭਾ ਵੀ ਹੱਠ ਕਰਮ ਦਾ ਭਾਵ ਅਰਥ– ਜ਼ਬਰ ਜ਼ਿੱਦ ਜਾਂ ਅੜੀ ਕਰਕੇ ਆਪਣੇ ਮਨ ਦੀ ਇਕਾਗਰਤਾ ਤੋਂ ਬਿਨਾਂ ਕੀਤੇ ਕਰਮਾਂ ਤੋਂ ਲੈਂਦੇ ਹਨ।1 ਇਹ ਸਾਰੇ ਦਿਖਾਵੇ ਮਾਤਰ ਕਰਮ ਹੁੰਦੇ ਹਨ। ਆਪਣੇ ਆਪ ਨੂੰ ਸਰੀਰਕ ਤੌਰ ਤੇ ਕਸ਼ਟ ਪਹੁੰਚਾਇਆ ਜਾਂਦਾ ਹੈ।

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਇਹ ਤਾੜਨਾ ਕੀਤੀ ਹੈ ਕਿ ਹਠ ਕਰਮਾਂ ਦੁਆਰਾ ਆਪਣੇ ਸੁੰਦਰ ਸਰੀਰ ਨੂੰ ਨਾਸ਼ ਨਹੀਂ ਕਰਨਾ ਚਾਹੀਦਾ। ਇਨ੍ਹਾਂ ਹੱਠ ਕਰਮਾਂ ਦੁਆਰਾ ਮਨ ਵਸ ਵਿਚ ਨਹੀਂ ਆਉਂਦਾ ਸਗੋਂ ਬਹੁਤੇ ਭੇਖ ਧਾਰਨ ਕਰਨ ਨਾਲ ਸਰੀਰ ਨੂੰ ਦੁੱਖ ਪਹੁੰਚਦਾ ਹੈ। ਅੰਨ ਨਾ ਖਾਣ ਨਾਲ ਮੂੰਹ ਦਾ ਸਵਾਦ ਚਲਾ ਜਾਂਦਾ ਹੈ। ਕਪੜੇ ਨਾ ਪਹਿਨਣ ਤੇ ਪਹਾੜਾਂ ਵਿੱਚ ਆਪਣਾ ਸਰੀਰ ਗਾਲਣ ਨਾਲ ਮਨ ਦਾ ਰੋਗ ਨਹੀਂ ਜਾਂਦਾ। ਗੁਰੂ ਨਾਨਕ ਦੇਵ ਨੇ ਅਨੇਕ ਥਾਵਾਂ ਉਪਰ ਇਨ੍ਹਾਂ ਕਰਮਾਂ ਦੀ ਨਿਖੇਧੀ ਕੀਤੀ ਹੈ ਜਿਵੇਂ ਕਿ :

– ਹਠ ਨਿਗ੍ਰਹ ਕਰ ਕਾਇਆ ਛੀਜੈ।(ਪੰਨਾ 905)

– ਬਹੁ ਭੇਖ ਕੀਆ ਦੇਹੀ ਦੁਖ ਦੀਆ

ਸਹੁ ਵੇ ਜੀਆ ਆਪਣਾ ਕੀਆ॥

ਅੰਨ ਨ ਖਾਇਆ ਸਾਦੁ ਗਵਾਇਆ॥

ਬਹੁ ਦੁਖ ਪਾਇਆ ਦੂਜਾ ਭਾਇਆ॥

ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ॥

(ਪੰਨਾ 467)

ਗੁਰਬਾਣੀ ਅਨੁਸਾਰ ਬਾਹਰਮੁਖੀ ਕਰਮਾਂ ਨੂੰ ਤਿਆਗ ਕੇ ਮਨ ਦੀ ਇਕਾਗਰਤਾ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਉਸ ਪਰਮਾਤਮਾ ਦਾ ਸੱਚੇ ਦਿਲੋਂ ਨਾਮ ਸਿਮਰਨਾ ਚਾਹੀਦਾ ਹੈ ਨਾ ਕਿ ਦਿਖਾਵੇ ਮਾਤਰ ਜਾਂ ਹੱਠ ਕਰਮ ਕਰਕੇ ਸਰੀਰ ਨੂੰ ਨਾਸ਼ ਕਰਨਾ ਚਾਹੀਦਾ ਹੈ। ਨਾਮ ਵਿਸਾਰ ਕੇ ਮਨੁੱਖ ਪਛਤਾਉਂਦਾ ਹੈ ਬੇਸ਼ਕ ਉਹ ਅਨੇਕਾਂ ਹੀ ਰੂਪ ਕਿਉਂ ਨਾ ਧਾਰਨ ਕਰ ਲਵੇ:

ਹਠ ਕਰਿ ਮਰੈ ਨ ਲੇਖੈ ਪਾਵੈ॥

ਵੇਸ ਕਰੈ ਬਹੁ ਭਸਮ ਲਗਾਵੈ॥

ਨਾਮੁ ਬਿਸਾਰਿ ਬਹੁਰਿ ਪਛੁਤਾਵੈ॥

(ਪੰਨਾ 226)

ਗੁਰੂ ਨਾਨਕ ਅਨੁਸਾਰ ਜਿਹੜ ਜੋਗੀ ਘਰ ਬਾਰ ਤਿਆਗ ਦਿੰਦੇ ਸਨ ਭਗਵੇਂ ਕਪੜੇ ਪਾ ਕੇ ਤਰ੍ਹਾਂ-ਤਰ੍ਹਾਂ ਦੇ ਕਰਮ ਕਾਂਡ ਕਰਦੇ ਸਨ, ਉਹ ਅਨੇਕ ਪ੍ਰਕਾਰ ਦੀਆਂ ਕਾਮਨਾਵਾਂ ਤੇ ਤ੍ਰਿਸ਼ਨਾਵਾਂ ਉਪਰ ਕਾਬੂ ਪਾਉਣ ਤੋਂ

ਅਸਮਰਥ ਜਾਂ ਬੇਵਸ ਹੋ ਕੇ ਭਟਕਦੇ ਰਹਿੰਦੇ ਸਨ। ਗੁਰੂ ਸਾਹਿਬ ਅਨੁਸਾਰ ਬਾਹਰੀ ਸੁਚੱਮ ਸਾਡੇ ਅੰਤਰ ਮਨ ਦੀ ਪਵਿਤਰਤਾ ਪੈਦਾ ਨਹੀਂ ਕਰ ਸਕਦੀ, ਗੁਰੂ ਸਾਹਿਬ ਉਸ ਵਿਅਕਤੀ ਦੀ ਅਵਸਥਾ ਦਾ ਵਰਣਨ ਇਸ ਪ੍ਰਕਾਰ ਕਰਦੇ ਹਨ :

- ਹਾਥਿ ਕਮੰਡਲ ਕਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ, ਚਿਤ ਲਾਇਆ ਪਰ ਨਾਰੀ॥

(ਪੰਨਾ 938)

ਗੁਰੂ ਨਾਨਕ ਦੇਵ ਸਮੇਂ ਅਜਿਹੇ ਸਨਿਆਸੀਆਂ ਤੇ ਜੋਗੀਆਂ ਦੇ ਅਨੇਕਾਂ ਟੋਲੇ ਸਨ। ਹੱਠ ਜੋਗੀਆਂ ਦੀ ਸਾਧਨਾ ਕਰੜੀ ਘਾਲਣਾ ਵਾਲੀ ਸੀ। ਪਰ ਇਨ੍ਹਾਂ ਵਿਚੋਂ ਕੁਝ ਅੰਤ੍ਰੀਵ ਸਾਧਨਾ ਛੱਡ ਕੇ ਬਾਹਰਲੇ ਭੇਖਾਂ ਜੋਗੇ ਹੀ ਰਹਿ ਗਏ ਸਨ। ਕਈ ਮੰਡਲੀਆਂ ਵਿਹਲੜ ਹੋਣ ਕਰਕੇ ਸਮਾਜ 'ਤੇ ਬੋਝ ਬਣ ਗਈਆਂ। ਇਹ ਭਿਖਿਆ ਮੰਗ ਕੇ ਗੁਜ਼ਾਰਾ ਕਰਦੇ ਸੀ। ਕਈ ਜੋਗੀ ਕੰਨ ਪੜਵਾ ਕੇ ਕਨਾ ਵਿੱਚ ਮੁੰਦਰਾਂ ਪਾਉਂਦੇ ਸੀ। ਜੰਗਲਾਂ ਵਿਚ ਫਲ ਪੱਤੇ ਖਾ ਕੇ ਗੁਜ਼ਾਰਾ ਕਰਦੇ ਸਨ। ਸਿੱਧ ਗੋਸ਼ਟਿ ਬਾਣੀ ਵਿੱਚ ਗੁਰੂ ਨਾਨਕ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਸਿੱਧਾ ਨੂੰ ਸੰਜਮ ਵਿੱਚ ਰਹਿਣ ਲਈ ਸਮਝਾਉਂਦੇ ਹਨ ਕਿ ਪ੍ਰਭੂ ਨਾਮ ਤੋਂ ਬਿਨ੍ਹਾਂ ਨਾ ਹੀ ਮਨ ਟਿਕ ਸਕਦਾ ਹੈ ਤੇ ਨਾ ਹੀ ਭੁੱਖ ਮਿਟ ਸਕਦੀ ਹੈ :-

- ਤਾਟੀ ਬਾਟੀ ਰਹਹਿ ਨਿਗਲੇ ਰੂਖਿ ਬਿਰਖਿ ਉਦਿਆਨੇ॥

ਕੰਦ ਮੂਲ ਆਹਾਰੋ ਪਾਈਐ ਅਉਧੂ ਬੋਲੈ ਗਿਆਨੇ।

... ... ... ... ... ...

ਗੁਰੂ ਨਾਨਕ ਇਸ ਦਾ ਉੱਤਰ ਦਿੰਦੇ ਹਨ :

- ਹਾਟੀ ਬਾਟੀ ਨੀਂਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ।

ਬਿਨ ਨਾਵੈ ਮਨੁ ਟੇਕੁ ਨ ਟਿਕਈ ਨਾਨਕ ਭੂਖ ਨ ਜਾਈ॥

(ਪੰਨਾ 939)

ਆਦਿ ਗ੍ਰੰਥ ਵਿੱਚ ਦਿਖਾਵੇ ਵਾਲੇ ਕਰਮ ਕਾਂਡਾਂ ਦੀ ਨਿਖਧੀ ਕਰਦੇ ਹੋਏ ਜੈਨੀਆਂ ਦੇ ਹੱਠ ਕਰਮਾਂ ਦੀ ਵੀ ਗਲ ਕੀਤੀ ਹੈ। ਜੈਨੀ ਸੰਸਾਰਕ ਖੁਸ਼ੀਆਂ ਤਿਆਗ ਕੇ, ਤਪ ਸਾਧਨਾ ਕਰਕੇ, ਵਰਤ ਰਖ ਕੇ, ਮੂੰਹ ਤੇ ਕਪੜਾ ਬੰਨ ਕੇ ਤੇ ਨੰਗੇ ਪੈਰ ਰਹਿ ਕੇ ਅਜਿਹੀ ਔਖੀ ਜ਼ਿੰਦਗੀ ਬਤੀਤ ਕਰਦੇ ਹਨ। ਇਸ ਤਰ੍ਹਾਂ ਵਰਤ ਤੇ ਤਪ ਨਾਲ ਮਨ ਨਹੀਂ ਭਿਜ ਤੇ ਟਿਕ ਸਕਦਾ।2 ਇਸ ਬਾਰੇ ਗੁਰਮਤਿ ਵਿੱਚ ਇਸ ਤਰ੍ਹਾ ਵੀ ਫਰਮਾਇਆ ਹੈ :

- ਤਨ ਨ ਤਪਾਇ ਤਨੂਰ ਜਿਉ ਬਾਲਣੁ ਹਡਿ ਨ ਬਾਲਿ।

ਸਿਰਿ ਪੈਰੀ ਕ੍ਰਿਆ ਫੇੜਿਆ ਅੰਦਰਿ ਪਿਰੀ ਸਮਾਲਿ॥

(ਪੰਨਾ-1411)

... ... ... ... ...

- ਛੋਡਹਿ ਅੰਨੁ ਕਰਹਿ ਪਾਖੰਡ॥

ਨਾ ਸੋਹਾਗਨਿ ਨਾ ਓਹਿ ਰੰਡ॥

ਅੰਨੈ ਬਿਨਾ ਨ ਹੋਇ ਸੁਕਾਲ॥

ਤਜਿਐ ਅੰਨਿ ਨ ਮਿਲੈ ਗੁਪਾਲ॥

(ਪੰਨਾ-873)

ਸਰੀਰ ਨੂੰ ਕਸ਼ਟ ਦੇ ਕੇ ਕੀਤੇ ਹੋਏ ਕਰਮ ਭਾਵੇਂ ਜੋਗ ਮੱਤ ਵਿੱਚ ਜ਼ਰੂਰੀ ਹਨ ਪਰ ਗੁਰਮਤਿ ਅਨੁਸਾਰ ਅਸਲ ਜੋਗੀ ਜਾ ਸਨਿਆਸੀ ਉਹ ਹੈ ਜੋ ਘਰ ਗ੍ਰਹਿਸਤੀ ਨਿਭਾਉਂਦਾ ਹੋਇਆ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਕਾਬੂ ਵਿੱਚ ਰਖਦਾ ਹੈ ਤੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾਉਂਦਾ ਹੈ :-

- ਨਿਉਲੀ ਕਰਮ ਖਟੁ ਕਰਮ ਕਰੀਜੈ॥

ਰਾਮ ਨਾਮੁ ਬਿਨੁ ਬਿਰਥਾ ਸਾਸੁ ਲੀਜੈ॥

(ਪੰਨਾ 905)

ਗੁਰੂ ਨਾਨਕ ਅਨੁਸਾਰ ਜੋ ਮਨੁੱਖ ਮਨ, ਵਚਨ ਤੇ ਕਰਮ ਨੂੰ ਪਰਮਾਤਮਾ ਦੇ ਹੁਕਮ ਅਨੁਸਾਰ ਕਰ ਲੈਂਦਾ ਹੈ, ਉਹ ਪਰਮਾਤਮਾ ਦੀ ਰਜ਼ਾ ਵਿਚ ਚਲਦਾ ਹੈ, ਉਹ ਸਹਿਜੇ ਹੀ ਆਪਣੇ ਲਕਸ਼ ਦੀ ਪ੍ਰਾਪਤੀ ਕਰ ਸਕਦਾ ਹੈ, ਜੋ ਮਨ ਹੱਠ ਕਰਕੇ ਕੁਝ ਕਰਦਾ ਹੈ, ਉਹ ਅੰਤ ਵਿੱਚ ਖਰਾਬ ਹੁੰਦਾ ਹੈ :

- ਤੇਰਾ ਭਾਣਾ ਸਭੁ ਕਿਛ ਹੋਵੈ॥

ਮਨ ਹਠਿ ਕੀਚੈ ਮਹੰਤਿ ਵਿਗੋਵੈ॥

(ਪੰਨਾ - 356)

ਜੋਗ ਮਤ ਵਿੱਚ ਕਰਾਮਾਤਾਂ ਨੂੰ ਬੜਾ ਮਹਤਵਪੂਰਨ ਸਥਾਨ ਪ੍ਰਾਪਤ ਹੈ। ਕਰਾਮਾਤਾਂ ਨੂੰ ਹੀ ਰਿਧੀਆਂ ਸਿਧੀਆਂ ਤੇ ਨਿਧੀਆਂ ਦਾ ਨਾਂ ਦਿਤਾ ਹੈ। ਉਹਨਾਂ ਦੀ ਸੋਚ ਸੀ ਕਿ ਜਿਸ ਕੋਲ ਕਰਾਮਾਤਾਂ ਦੀ ਸ਼ਕਤੀ ਨਹੀਂ, ਉਨ੍ਹਾਂ ਚਿਰ ਉਹ ਅਧਿਆਤਮਕ ਤੌਰ 'ਤੇ ਉੱਚਾ ਨਹੀਂ ਮੰਨਿਆ ਜਾ ਸਕਦਾ। ਪ੍ਰੋ. ਮੋਹਨ ਸਿੰਘ ਰਤਨ ਅਨੁਸਾਰ ਰਿਧੀਆਂ ਸਿਧੀਆਂ ਇਕ ਅਜਿਹਾ ਸੁਆਦ ਹੈ ਜੋ ਪ੍ਰਭੂ ਦੀ ਪ੍ਰਾਪਤੀ ਦੇ ਮਾਰਗ ਦਾ ਸੁਆਦ ਨਹੀਂ, ਸਗੋਂ ਹੰਕਾਰ ਪੈਦਾ ਕਰਨ ਵਾਲਾ ਹੁੰਦਾ ਹੈ।3

ਹੱਠ ਕਰਮਾਂ ਦੁਆਰਾ ਪਾਰ ਉਤਾਰਾ ਨਹੀਂ ਹੋ ਸਕਦਾ ਪਰਮਾਤਮਾ ਦੀ ਪ੍ਰਾਪਤੀ ਲਈ ਨਾਮ ਸਿਮਰਨ ਜ਼ਰੂਰੀ ਹੈ ਪਰਮਾਤਮਾ ਦੇ ਨਾਮ ਬਿਨ੍ਹਾਂ ਸਿਰ ਸੁਆਹ ਪੈਂਦੀ ਹੈ।4 ਪਰਮਾਤਮਾ ਦੇ ਸਿਮਰਨ ਦੁਆਰਾ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਆਪਣੇ ਆਪ ਨੂੰ ਖਪਾਉਣ ਨਾਲ ਜਾਂ ਨੰਗੇ ਭੁਖੇ ਰਹਿਣ ਨਾਲ ਨਹੀਂ :

- ਇਕਿ ਨਾਗੈ ਭੂਖੇ ਭਵਹਿ ਭਵਾਏ॥

ਇਕਿ ਹੱਠ ਕਰਿ ਮਰਹਿ ਨ ਕੀਮਤਿ ਪਾਏ।

www.ignited.in

ਗਤਿ ਅਵਗਤਿ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ।

... ... ... ... ...

ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਸਿਧਿ ਪਾਰਿ ਲੰਘਾਈ ਹੇ॥

(ਪੰਨਾ-1025)

ਗੁਰੂ ਨਾਨਕ ਦੇਵ ਕਹਿੰਦੇ ਹਨ ਕਿ ਇਹ ਗਲ ਸਮਝਣ ਸਮਝਾਉਣ ਵਾਲਾ ਉਹ ਪਰਮਾਤਮਾ ਆਪ ਹੀ ਹੈ। ਉਹ ਬਹੁ-ਭੇਖਾਂ ਨਾਲ ਅਤੇ ਹੱਠ ਦੀ ਕਮਾਈ ਨਾਲ ਪ੍ਰਸੰਨ ਨਹੀਂ ਹੁੰਦਾ।5

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਇਹੋ ਜਿਹੇ ਭੇਖ ਧਾਰੀਆਂ ਦੀ ਚੀਰ ਫਾੜ ਕਰਦੇ ਹੋਏ ਕੰਨਾਂ ਨੂੰ ਵਿਨੰਣ ਦੀ ਥਾਂ, ਹਿਰਦੇ ਵਿੱਚ ਉਠਦੇ ਵਿਕਾਰਾਂ ਨੂੰ ਵੀ ਰੋਕਣ ਲਈ ਹਿਰਦੇ ਨੂੰ ਵਿਨੰਣ ਉੱਤੇ ਜ਼ੋਰ ਦਿਤਾ ਹੈ। ਆਪ ਨੇ ਬਾਹਰੀ ਭੇਖ ਦੀ ਨਿੰਦਾ ਕੀਤੀ ਹੈ ਅਤੇ 'ਅੰਜਨ ਮਾਹਿ ਨਿਰੰਜਨਿ' ਅਥਵਾ ਮਾਇਆ ਵਿੱਚ ਨਿਰਲੇਪ ਵਿਚਰਨਾ ਹੀ ਜੋਗ ਦੀ ਅਸਲ ਜੁਗਤ ਦਸੀ ਹੈ :

- ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥

ਜੋਗੁ ਨ ਮੁੰਡੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥

(ਪੰਨਾ-730)

### ਹਵਾਲੇ ਤੇ ਟਿੱਪਣੀਆਂ

ਭਾਈ ਕਾਹਨ ਸਿੰਘ ਨਾਭਾ, ਗੁਰ ਸ਼ਬਦ ਰਤਨਾਂਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974, ਪੰਨਾ 259.

ਵਰਤ ਤਪਨ ਕਰਿ ਮਨ ਨਹੀ ਭੀਜੈ॥ (ਪੰਨਾ-90)

ਪ੍ਰੋ. ਮੋਹਨ ਸਿੰਘ ਰਤਨ, ਸਿਧ ਗੋਸ਼ਟਿ, ਲਾਹੌਰ ਬੁਕ ਸ਼ਾਪ, ਲੁਧਿਆਣਾ, 1970, ਪੰਨਾ-102.

ਸਭਿ ਜਪ ਸਭਿ ਤਪ ਸਭ ਚਤੁਰਾਈ॥

ਉਝੜਿ ਭਰਮੈ ਰਾਹਿ ਨਾ ਪਾਈ॥

ਬਿਨੁ ਬੂਝੇ ਕੋ ਥਾਇ ਨਾ ਪਾਈ॥

ਨਾਮ ਬਿਹੂਣੈ ਮਾਥੇ ਛਾਈ॥ (ਪੰਨਾ 412)

ਆਪ ਦਿਖਾਵੈ ਆਪੇ ਦੇਖੈ॥

ਹਠਿ ਨ ਪਤੀਜੈ ਨਾ ਬਹੁ ਭੇਖੈ॥ (ਪੰਨਾ-686)

**Corresponding Author**

**Dr. Harjot Kaur***

Professor in Punjabi, Department of Distance Education, Punjabi University, Patiala

**E-Mail – arora.kips@gmail.com**